## ਦਫਤਰ ਮੁੱਖ ਡਾਇਰੈਕਟਰ,
## ਵਿਜੀਲੈਂਸ ਬਿਊਰੋ, ਹੈਡਕੁਆਟਰ, ਪੰਜਾਬ

ਐਸ.ਸੀ.ਓ. 60-61, ਸੈਕਟਰ 17-ਡੀ, ਚੰਡੀਗੜ੍ਹ।

ਫੋਨ: 0172-2703621, ਈ.ਮੇਲ ਆਈ.ਡੀ: computercellvb@punjab.gov.in


---

### ਸਰਕੂਲਰ ਨੰਬਰ :1/2018

ਮਾਨਯੋਗ ਸੁਪਰੀਮ ਕੋਰਟ ਦੇ ਤਿੰਨ ਜੱਜਾ ਦੇ ਬੈਂਚ ਨੇ " ਸੁਧੀਰ ਚੋਧਰੀ ਵਗੈਰਾ ਬਨਾਮ ਸਰਕਾਰ (ਐਨ ਸੀ ਟੀ ਆਫ ਦਿੱਲੀ)" ਦੇ ਕੇਸ ਵਿੱਚ ਫੈਂਸਲਾ ਮਿਤੀ 27-07-2016 ਰਾਹੀਂ ਹੇਠ ਲਿਖੇ ਨੁਕਤਿਆ ਅਨੁਸਾਰ ਇਸ ਕੇਸ ਦੇ ਦੋਸ਼ੀ ਦੀ ਅਵਾਜ ਦੇ ਨਮੂਨੇ ਦਾ ਮਿਲਾਣ ਉਸ ਦੀ ਪਹਿਲਾ ਰਿਕਾਰਡ ਹੋਈ ਅਵਾਜ ਨਾਲ ਕਰਵਾਉਣ ਸਬੰਧੀ ਸੀ.ਬੀ.ਆਈ. ਨੂੰ ਦਿਸ਼ਾ ਨਿਰਦੇਸ਼ ਦਿੰਦੇ ਹੋਏ ਉਕਤ ਕੇਸ ਦਾ ਨਿਪਟਾਰਾ ਕੀਤਾ ਹੈ ਕਿ :-

1. ਦੋਸ਼ੀ ਦੀ ਅਵਾਜ ਦਾ ਨਮੂਨਾ ਹਾਸਲ ਕਰਨ ਲਈ ਦੋਸ਼ੀ ਦੀ ਗ੍ਰਿਫਤਾਰੀ ਉਪਰੰਤ ਦੋਸ਼ੀ ਦੀ ਸਹਿਮਤੀ ਹਾਸਲ ਕਰਨ ਲਈ ਸਬੰਧਤ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਦਰਖਾਸਤ ਦੇਣਾ।

2. ਦੋਸ਼ੀ ਵੱਲੋ ਸਬੰਧਤ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਦਰਖਾਸਤ ਦਾ ਜਵਾਬ ਹਾਂ ਜਾਂ ਨਾਂ ਵਿੱਚ ਦਿੱਤਾ ਜਾਣਾ।

3. ਦੋਸ਼ੀ ਪਾਸੋ ਜੋ ਸ਼ਬਦਾਵਲੀ ਅਵਾਜ ਦੇ ਨਮੂਨੇ ਦੇ ਰੂਪ ਵਿੱਚ ਬੁਲਵਾਈ ਜਾਣੀ ਹੈ, ਉਸ ਸਬੰਧੀ ਲੋੜੀਂਦਾ ਸ਼ਬਦੀ ਪੈਰਾ ਸੀ.ਐਫ.ਐਸ.ਐਲ ਦੇ ਡਾਇਰੈਕਟਰ ਪਾਸੋ ਤਿਆਰ ਕਰਵਾਉਣ ਲਈ ਅਦਾਲਤ ਪਾਸ ਬੇਨਤੀ ਕਰਨਾ।

4. ਸੀ.ਐਫ.ਐਸ.ਐਲ ਪਾਸੋ ਅਜਿਹਾ ਪੈਰਾ ਬਣਵਾਉਣ ਤੋਂ ਪਹਿਲਾ ਦੋਸ਼ੀ ਦੀ ਰਿਕਾਰਡ ਹੋਈ ਆਵਾਜ ਦੀ ਸ਼ਬਦਾਵਲੀ ਦਾ ਟਰਾਂਸਕਰਿਪਟ ਸੀਲਡ ਕਵਰ ਵਿੱਚ ਐਡਵਾਂਸ ਸੀ.ਐਫ.ਐਸ.ਐਲ ਨੂੰ ਮੁਹੱਈਆ ਕਰਵਾਇਆ ਜਾਣਾ।

5. ਦੋਸ਼ੀ ਦੀ ਰਿਕਾਰਡ ਹੋਈ ਪਹਿਲੀ ਅਵਾਜ ਦੇ ਸ਼ਬਦਾਂ ਦੀ ਟਰਾਂਸਕਰਿਪਟ ਸੀ.ਐਫ.ਐਸ.ਐਲ ਵੱਲੋਂ ਤਿਆਰ ਕੀਤਾ ਮਾਡਲ ਪੈਰਾ ਸੀਲਡ ਕਵਰ ਵਿੱਚ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਣਾ।

6. ਦੋਸ਼ੀ ਦੀ ਸਹਿਮਤੀ ਹਾਸਲ ਕਰਨ ਅਤੇ ਸੀ.ਐਫ.ਐਸ.ਐਲ ਪਾਸੋ ਮਾਡਲ ਪੈਰਾ ਬਨਾਉਣ ਤੋਂ ਬਾਅਦ ਦੋਸ਼ੀ ਦੀ ਅਵਾਜ ਦਾ ਨਮੂਨਾ ਸੀ.ਐਫ.ਐਸ.ਐਲ ਵਿਖੇ ਹਾਸਲ ਕਰਨ ਲਈ ਅਦਾਲਤ ਪਾਸ ਬੇਨਤੀ ਕਰਨਾ ਭਾਵ ਕਿ ਉਹ ਮਾਡਲ ਪੈਰਾ ਦੋਸ਼ੀ ਵੱਲੋ ਸੀ.ਐਫ.ਐਸ.ਐਲ ਵਿਖੇ ਪੜ੍ਹਿਆ ਜਾਵੇ।

7. ਸੀ.ਐਫ.ਐਸ.ਐਲ ਦੇ ਡਾਇਰੈਕਟਰ ਵੱਲੋ ਤਿਆਰ ਕੀਤੇ ਪੈਰਾ ਜੋ ਦੋਸ਼ੀ ਦੀ ਅਵਾਜ ਦਾ ਨਮੂਨਾ ਹਾਸਲ ਕਰਨ ਲਈ ਬੁਲਵਾਇਆ ਜਾਂਦਾ ਹੈ, ਵਿੱਚ ਦੋਸ਼ੀ ਦੀ ਪਹਿਲੇ ਰਿਕਾਰਡ ਹੋਈ ਅਵਾਜ ਦੇ ਰੂਪ ਵਿੱਚ ਬੋਲੇ ਸ਼ਬਦ ਹੂ-ਬ-ਹੂ ਇਕੋ ਜਿਹੇ ਲੜੀਵਾਰ ਨਾ ਹੋਣ, ਜੋ ਕਿ ਆਪਸ ਵਿੱਚ ਮਿਲਦੇ ਜੁਲਦੇ/ਸਾਂਝੇ ਸ਼ਬਦ ਜਾਂ ਅੱਗੇ ਟੁਟਵੇਂ ਰੂਪ ਵਿੱਚ ਹੋਣ।

8. ਦੋਸ਼ੀ ਨੂੰ ਸੀ.ਐਫ.ਐਸ.ਐਲ ਵੱਲੋ ਤਿਆਰ ਕੀਤੇ ਮਾਡਲ ਪੈਰੇ ਦੀ ਜਾਣਕਾਰੀ ਅਗਾਉਂ ਨਾ ਦੇਣਾ, ਕਿਉਂਕਿ ਅਜਿਹਾ ਹੋਣ ਤੇ ਦੋਸ਼ੀ ਉਸ ਪੈਰੇ ਵਿਚਲੇ ਬੋਲੇ ਜਾਣ ਵਾਲੇ ਸ਼ਬਦਾਂ ਦੀ ਪ੍ਰੈਕਟਿਸ ਕਰ ਸਕਦਾ ਹੈ ਅਤੇ ਫਿਰ ਸਾਰੀ ਪ੍ਰਕ੍ਰਿਆ ਪ੍ਰਭਾਵਤ ਹੋ ਸਕਦੀ ਹੈ।

9. ਅਵਾਜ ਦੇ ਨਮੂਨੇ ਦੀ ਪ੍ਰਕਿਰਿਆ ਸਾਫ ਸੁਥਰੀ ਅਤੇ ਪਾਰਦਰਸ਼ੀ ਹੋਵੇ ਅਤੇ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਕੁਦਰਤੀ ਨਿਆ ਦੇ ਸਿਧਾਂਤਾਂ ਦੀ ਉਲੰਘਣਾ ਦੀ ਗੁੰਜਾਇਸ਼ ਨਾ ਰਹੇ।

ਵਿਜੀਲੈਂਸ ਬਿਊਰੋ ਦੇ ਕੇਸਾਂ ਵਿੱਚ ਜਦੋ ਵੀ ਦੋਸ਼ੀ ਦੀ ਅਵਾਜ ਦਾ ਮਿਲਾਣ ਕਰਵਾਉਣਾ ਹੋਵੇ ਤਾਂ ਇਸ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਲਈ ਸੀ.ਐਫ.ਐਸ.ਐਲ ਦੀ ਥਾਂ ਤੇ ਕੋਈ ਵੀ ਸਟੇਟ ਫਰੈਸਿਕ ਸਾਇੰਸ ਲੈਬੋਰਟਰੀ ਦੀ ਵਰਤੋ ਵੀ ਕੀਤੀ ਜਾ ਸਕਦੀ ਹੈ। ਇਸ ਸਬੰਧੀ ਆਪਣੇ ਅਧੀਨ ਤਾਇਨਾਤ ਸਮੂਹ ਤਫਤੀਸ਼ੀ ਅਫਸਰਾਂ ਨੂੰ ਨੋਟ ਕਰਵਾ ਦਿੱਤਾ ਜਾਵੇ ਕਿ ਜੇਕਰ ਵਿਜੀਲੈਂਸ ਬਿਊਰੋ ਦੇ ਕੇਸਾਂ ਵਿੱਚ ਦੋਸ਼ੀ ਦੀ ਅਵਾਜ ਦਾ ਮਿਲਾਣ ਕਰਵਾਉਣ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾ ਇਹਨਾਂ ਹਦਾਇਤਾਂ ਅਨੁਸਾਰ ਤਫਤੀਸ਼ ਅਮਲ ਵਿੱਚ ਲਿਆਂਦੀ ਜਾਵੇ।

ਸਹੀ/-
ਜੀ.ਨਾਗੇਸ਼ਵਰ ਰਾਓ, ਆਈ.ਪੀ.ਐਸ,
ਡਾਇਰੈਕਟਰ-ਕਮ-ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।

ਨੰਬਰ 28167-83 /ਵਬ/ਐਸ-3 ਮਿਤੀ : 25-7-18

ਉਪਰੋਕਤ ਦਾ ਉਤਾਰਾ ਹੇਠ ਲਿਖਿਠਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
2. ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਸ ਬਿਊਰੋ, ਪੰਜਾਬ, ਚੰਡੀਗੜ੍ਹ।
3. ਇੰਸਪੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ, ਵਿਜੀਲੈਸ ਬਿਊਰੋ, ਪੰਜਾਬ, ਚੰਡੀਗੜ੍ਹ।
4. ਸੰਯੁਕਤ ਡਾਇਰੈਕਟਰ/ਪ੍ਰਸ਼ਾਸਨ, ਵਿਜੀਲੈਸ ਬਿਊਰੋ, ਪੰਜਾਬ, ਚੰਡੀਗੜ!
5. ਸੰਯੁਕਤ ਡਾਇਰੈਕਟਰ/ਕਰਾਈਮ, ਵਿਜੀਲੈਸ ਬਿਊਰੋ, ਪੰਜਾਬ, ਚੰਡੀਗੜ!
6. ਸੰਯੁਕਤ ਡਾਇਰੈਕਟਰ/ਪ੍ਰਾਸੀਕਿਉਸ਼ਨ, ਵਿਜੀਲੈਸ ਬਿਊਰੋ, ਪੰਜਾਬ, ਚੰਡੀਗੜ!
7. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ, ਪੰਜਾਬ, ਚੰਡੀਗੜ੍ਹ।
8. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਅ:ਅ:ਸਾਖਾ, ਪੰਜਾਬ, ਚੰਡੀਗੜ੍ਹ।
9. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਅੰਮ੍ਰਿਤਸਰ।
10. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਜਲੰਧਰ।
11. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਲੁਧਿਆਣਾ।
12. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ।
13. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਫਿਰੋਜਪੁਰ।
14. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਬਠਿੰਡਾ।
15. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਐਸ.ਏ.ਐਸ ਨਗਰ।
16. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਅ:ਅ:ਸਾਖਾ, ਹੈਡਕੁਆਟਰ ਲੁਧਿਆਣਾ।
17. ਐਸ.ਓ. ਟੂ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।

ਸੰਯੁਕਤ ਡਾਇਰੈਕਟਰ/ਕਰਾਈਮ,
ਵਾਸਤੇ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
25/7/18